# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ:16-04-2024**

ਲੋਕਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਤਿੰਨ ਹੋਰ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਏ। ਅੱਜ ਜਾਰੀ ਇਸ ਲਿਸਟ ਅਨੁਸਾਰ ਖਡੂਰ ਸਾਹਿਬ ਲੋਕਸਭਾ ਹਲਕੇ ਤੋਂ ਮਨਜੀਤ ਸਿੰਘ ਮੰਨਾ ਮੀਆਂਵਿੰਡ, ਹੁਸ਼ਿਆਰਪੁਰ ਰਾਖਵੇਂ ਲੋਕਸਭਾ ਹਲਕੇ ਤੋਂ ਅਨੀਤਾ ਸੋਮ ਪ੍ਰਕਾਸ਼ ਅਤੇ ਬਠਿੰਡਾ ਲੋਕਸਭਾ ਹਲਕੇ ਤੋਂ ਪਰਮਪਾਲ ਕੌਰ ਸਿੱਧੂ ਨੂੰ ਪਾਰਟੀ ਨੇ ਆਪਣਾ ਉਮੀਦਵਾਰ ਐਲਾਨਿਆ ਏ। ਇਸ ਤਰ੍ਹਾਂ ਪਾਰਟੀ ਹੁਣ ਤਕ 9 ਲੋਕਸਭਾ ਹਲਕਿਆਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਚੁਕੀ ਏ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਵੀ ਅੱਜ ਚਾਰ ਹੋਰ ਲੋਕ ਸਭਾ ਹਲਕਿਆਂ ਲਈ ਆਪਣੇ ਉਮੀਦਵਾਰ ਐਲਾਨੇ ਨੇ। ਪਾਰਟੀ ਨੇ ਜਲੰਧਰ ਰਾਖਵੇਂ ਲੋਕਸਭਾ ਹਲਕੇ ਤੋਂ ਪਵਨ ਕੁਮਾਰ ਟੀਨੂੰ, ਲੁਧਿਆਣਾ ਤੋਂ ਅਸ਼ੋਕ ਪਰਾਸ਼ਰ ਪੱਪੀ, ਫਿਰੋਜ਼ਪੁਰ ਤੋਂ ਜਗਦੀਪ ਸਿੰਘ

ਕਾਕਾ ਬਰਾੜ ਅਤੇ ਗੁਰਦਾਸਪੁਰ ਤੋਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਆਪਣਾ ਉਮੀਦਵਾਰ ਬਣਾਇਆ ਏ। ਫਿਰੋਜ਼ਪੁਰ ਅਤੇ ਗੁਰਦਾਸਪੁਰ ਤੋਂ ਦੋਵੇਂ ਹੀ ਉਮੀਦਵਾਰ ਇਸ ਵੇਲੇ ਪਾਰਟੀ ਦੇ ਵਿਧਾਇਕ ਨੇ। ਆਮ ਆਦਮੀ ਪਾਰਟੀ ਨੇ ਇਸ ਤਰ੍ਹਾਂ ਸਾਰੇ ਹੀ 13 ਲੋਕਸਭਾ ਹਲਕਿਆਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਏ।

---------------------------------------------------------

ਚੈਤ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਏ। ਮੰਦਰਾਂ ਤੇ ਘਰਾਂ ਵਿਚ ਤੜਕਸਾਰ ਤੋਂ ਹੀ ਵਿਸ਼ੇਸ਼ ਧਾਰਮਿਕ ਆਯੋਜਨ ਕੀਤੇ ਜਾ ਰਹੇ ਨੇ ਅਤੇ ਛੋਟੀਆਂ ਛੋਟੀਆਂ ਕੁੜੀਆਂ ਯਾਨੀ ਕੰਜਕਾਂ ਦੀ ਪੂਜਾ ਕੀਤੀ ਜਾ ਰਹੀ ਏ। **ਹੋਰ ਵੇਰਵੇ ਨਾਲ ਇਹ ਰਿਪੋਰਟ:** ***ਚੇਤ ਮਹੀਨੇ ਦੇ ਨਰਾਤਿਆਂ ਦੇ ਅੱਜ ਅੱਠਵੇਂ ਦਿਨ ਸ਼ਰਧਾਲੂ ਮਾਂ ਦੁਰਗਾ ਦੇ ਮਹਾ ਅਸ਼ਟਮੀ ਸਰੂਪ ਦੀ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਕਰ ਰਹੇ ਨੇ। ਨਰਾਤਿਆਂ ਦੇ ਦਿਨਾਂ ਵਿਚ ਅਨੇਕਾਂ ਲੋਕ ਵਰਤ ਰੱਖਦੇ ਨੇ ਅਤੇ ਮਹਾ ਅਸ਼ਟਮੀ ਦੇ ਪਰਵ ਤੇ ਮਾਂ ਦੁਰਗਾ ਦਾ ਸਰੂਪ ਮੰਨੀਆਂ ਜਾਂਦੀਆਂ ਛੋਟੀਆਂ ਛੋਟੀਆਂ***

*ਕੁੜੀਆਂ ਯਾਨੀ ਕੰਜਕਾਂ ਦੀ ਪੂਜਾ ਕਰਕੇ ਆਪਣੇ ਇਹ ਵਰਤ ਖੋਲਦੇ ਨੇ । ਇਸ ਰਵਾਇਤ ਮੁਤਾਬਕ ਹੀ ਜਲੰਧਰ ਸਮੇਤ ਵੱਖ ਵੱਖ ਥਾਈਂ ਲੋਕ ਤੜਕਸਾਰ ਤੋਂ ਹੀ ਇਨਾਂ ਕੰਜਕਾ ਦੀ ਪੂਜਾ ਪੂਰੀ ਸ਼ਰਧਾ ਨਾਲ ਕਰ ਰਹੇ ਨੇ । ਕੰਜਕਾਂ ਨੂੰ ਹਲਵਾ, ਪੂਰੀ ਅਤੇ ਛੋਲਿਆਂ ਦੇ ਪ੍ਰਸਾਦ ਦੇ ਨਾਲ ਨਾਲ ਖਾਣ ਪੀਣ ਦੇ ਹੋਰ ਸਾਮਾਨ ਸਮੇਤ ਕਈ ਕਿਸਮ ਦੇ ਤੋਹਫੇ ਵੀ ਦਿੱਤੇ ਗਏ । ਆਪਣੀ ਪੂਜਾ ਤੋਂ ਖ਼ੁਸ਼ ਇਨਾਂ ਕੰਜਕਾਂ ਨੇ ਲੋਕਾਂ ਨੂੰ ਅਸ਼ੀਰਵਾਦ ਦਿੱਤਾ । ਨਵਰਾਤਰਿਆਂ ਦੌਰਾਨ ਵਰਤ ਰੱਖਣ ਵਾਲੇ ਕਈ ਲੋਕ ਨਵਮੀ ਦੇ ਮੌਕੇ ਤੇ ਵੀ ਆਪਣੇ ਵਰਤ ਖੋਲਦੇ ਨੇ । ਸ਼ਿਸੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ ।*

---------------------------------------------------

ਭਾਰਤੀ ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਪੇਸ਼ ਚੋਣ ਮਨੋਰਥ ਪੱਤਰ ਨੂੰ ਵਿਕਸਤ ਭਾਰਤ ਵੱਲ ਲੰਮੀ ਛਾਲ ਮਾਰਨ ਵਾਲਾ ਦਸਿਆ ਏ । ਇਕ ਬਿਆਨ ਵਿੱਚ ਉਨਾਂ ਕਿਹਾ ਕਿ ਅੱਜ ਦੇਸ਼ ਦੀ ਜਨਤਾ ਦਾ ਮੰਨਣਾ ਏ ਕਿ ਜੇਕਰ ਮੋਦੀ ਦੀ ਗਾਰੰਟੀ ਏ ਤਾਂ ਉਹ ਪੂਰੀ ਹੋਵੇਗੀ ਅਤੇ ਪੂਰੇ ਦੇਸ਼ ਨੇ

ਸਵੀਕਾਰ ਕੀਤਾ ਏ ਕਿ “ਮੋਦੀ ਦੀ ਗਾਰੰਟੀ ਦਾ ਮਤਲਬ ਗਾਰੰਟੀ ਦੀ ਪੂਰਤੀ ਦੀ ਗਾਰੰਟੀ ਏ । ਅਨਿਲ ਸਰੀਨ ਨੇ ਕਿਹਾ ਕਿ ਭਾਜਪਾ ਜੋ ਕਹਿੰਦੀ ਏ ਉਸ ਨੂੰ ਨਾ ਸਿਰਫ ਪੂਰਾ ਕਰਦੀ ਏ ਪਰ ਜਿਹੜਾ ਨਹੀਂ ਕਹਿੰਦੀ, ਉਸ ਨੂੰ ਵੀ ਪੂਰਾ ਕਰਦੀ ਏ ।

----------------------------------------------------------

ਕੇਂਦਰ ਸਰਕਾਰ ਨੇ ਲੋਕਾਂ ਨੂੰ ਤਾਪਮਾਨ ਵਧਣ ਦੇ ਮੱਦੇਨਜ਼ਰ ਲੂ ਤੋਂ ਬਚਣ ਲਈ ਸਾਵਧਾਨੀ ਵਰਤਣ ਲਈ ਕਿਹਾ ਏ । ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਦੇ ਵਧਣ ਦਾ ਖ਼ਦਸ਼ਾ ਪ੍ਰਗਟਾਇਆ ਏ ਇਸ ਲਈ ਲੂ ਤੋਂ ਬਚਣ ਲਈ ਜਾਗਰੂਕਤਾ ਅਤੇ ਸਾਵਧਾਨੀ ਨੂੰ ਬਹੁਤ ਜ਼ਰੂਰੀ ਦੱਸਿਆ ਗਿਆ ਏ । ਪਟਿਆਲਾ ਵਿਖੇ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਕੰਚਨ ਨੇ ਕਿਹਾ ਕਿ ਅਪ੍ਰੈਲ ਤੋਂ ਜੁਲਾਈ ਤੱਕ ਚੱਲਣ ਵਾਲੀਆਂ ਗਰਮ ਹਵਾਵਾਂ ਤੇ ਵਾਤਾਵਰਣ 'ਚ ਤਬਦੀਲੀ ਨਾਲ ਮਨੁੱਖੀ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵਾਂ 'ਤੇ ਨਿਗਰਾਨੀ ਰੱਖਣ ਲਈ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਐਕਸ਼ਨ ਪਲਾਨ ਤਿਆਰ ਕਰਨ ਤਾਂ ਜੋ ਗਰਮੀ ਨਾਲ

ਮਨੁੱਖੀ ਸਰੀਰ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਘੱਟ ਕੀਤਾ ਜਾ ਸਕੇ। ਉਨਾਂ ਕਿਹਾ ਕਿ ਸਿਰਫ ਮਨੁੱਖ ਹੀ ਨਹੀਂ ਬਲਕਿ ਪਸ਼ੂਆਂ ਨੂੰ ਵੀ ਗਰਮੀ 'ਚ ਲੂ ਤੋਂ ਬਚਾਉਣਾ ਜ਼ਰੂਰੀ ਏ, ਜਿਸ ਲਈ ਪਸ਼ੂ ਪਾਲਣ ਵਿਭਾਗ ਵੀ ਪਸ਼ੂਆਂ ਨੂੰ ਗਰਮੀ ਤੋਂ ਬਚਾਅ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਨ ਲਈ ਪਲਾਨ ਤਿਆਰ ਕਰੇ ਤਾਂ ਜੋ ਸਮੇਂ ਸਿਰ ਪਲਾਨ ਨੂੰ ਲਾਗੂ ਕੀਤਾ ਜਾ ਸਕੇ। ਉਨ੍ਹਾਂ ਨਗਰ ਨਿਗਮ, ਖੇਤੀਬਾੜੀ ਵਿਭਾਗ, ਜਲ ਸਪਲਾਈ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਗਰਮੀ ਦੇ ਮੌਸਮ 'ਚ ਵਿਭਾਗਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਜਾਣਕਾਰੀ ਵੀ ਸਾਂਝੀ ਕਰਨ ਦੀ ਹਦਾਇਤ ਕੀਤੀ ਅਤੇ ਜਨਤਕ ਸਥਾਨਾਂ 'ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਵੀ ਨਿਰਦੇਸ਼ ਦਿੱਤੇ।